# ਦਫਤਰ ਜਿਲਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ

deose.bathinda@punjabeducation.gov.in

ਵੱਲ

ਸਮੂਹ ਸਕੂਲ ਮੁਖੀ
ਸਰਕਾਰੀ/ਅਰਧ ਸਰਕਾਰੀ/ਪ੍ਰਾਈਵੇਟ
ਜਿਲ੍ਹਾ ਬਠਿੰਡਾ

ਪੱਤਰ ਨੰ: ਜੀ-1/1 ( )2024 / 10071 ਮਿਤੀ ਬਠਿੰਡਾ : 02.08.24

ਵਿਸ਼ਾ **Prevention and Control of Paddy Straw Burning" in Paddy Harvesting Session 2024.**

ਹਵਾਲਾ ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ ਦੇ ਮੀਮੋ ਨੰ-E-366634/733 ਮਿਤੀ29.07.24 ਦੇ ਸਬੰਧ ਵਿਚ ।

ਉਪਰੋਕਤ ਵਿਸ਼ਾ ਅਤੇ ਹਵਾਲਾ ਅੰਕਿਤ ਦੇ ਸਬੰਧ ਵਿਚ ਸਮੂਹ ਸਕੂਲ ਮੁਖੀਆਂ ਨੂੰ ਲਿਖਿਆ ਜਾਂਦਾ ਹੈ ਕਿ ਸਕੂਲੀ ਵਿਦਿਆਰਥੀਆਂ ਨੂੰ ਵਾਤਾਵਰਣ, ਮਨੁੱਖੀ ਸਿਹਤ ਅਤੇ ਮਿੱਟੀ ਦੀ ਉਪਜਾਊ ਸ਼ਕਤੀ ਤੇ, ਪਰਾਲੀ ਸਾੜਨ ਦੇ ਮਾੜੇ ਪ੍ਰਭਾਵਾਂ ਅਤੇ ਪ੍ਰਬੰਧਨ ਵਿਕਲਪਾਂ ਦੀ ਉਪਲਬਧਤਾ ਬਾਰੇ ਸਿੱਖਿਅਤ ਕੀਤਾ ਜਾਵੇ। ਸਕੂਲ ਮੁਖੀ ਝੋਨੇ ਦੀ ਪਰਾਲੀ ਜਾਂ ਕਣਕ ਦਾ ਨਾੜ ਸਾੜਨ ਦੀ ਸਮੱਸਿਆ ਨੂੰ ਰੋਕਣ ਲਈ ਹੇਠ ਲਿਖੀਆਂ ਹਦਾਇਤਾਂ ਦੀ ਪਾਲਣਾ ਕਰਨਗੇ ।

ਸਕੂਲ ਪੱਧਰ ਤੇ ਹੇਠ ਲਿਖੀਆਂ ਵੱਖ-ਵੱਖ ਐਕਟੀਵਿਟੀਜ਼ ਕਰਵਾਈਆਂ ਜਾਣ -

1. ਸਕੂਲ ਪਧੱਰ ਤੇ ਡਰਾਮਾ / ਰੋਲ ਪਲੇਅ / ਡਰਾਇੰਗ-ਪੇਂਟਿੰਗ ਕੰਪੀਟੀਸ਼ਨ / ਚਾਰਟਮੇਕਿੰਗ / ਭਾਸ਼ਣ ਮੁਕਾਬਲੇ/ਲੇਖ ਮੁਕਾਬਲੇ ਕਰਵਾਏ ਜਾਣ ।
2. ਪ੍ਰਿੰਸੀਪਲ/ਅਧਿਆਪਕਾਂ ਦੁਆਰਾ ਸਵੇਰ ਦੀ ਸਭਾ ਵਿੱਚ ਉਪਰੋਕਤ ਵਿਸ਼ੇ ਤੇ ਜਾਣਕਾਰੀ ਪ੍ਰਦਾਨ ਕੀਤੀ ਜਾਵੇ ।
3. ਇਸ ਸਬੰਧੀ ਜਾਗਰੂਕਤਾ ਪੰਦਰਵਾੜਾ ਮਨਾ ਕੇ /ਸਕੂਲੀ ਵਿਦਿਆਰਥੀਆਂ ਦੀ ਲਾਮਬੰਦੀ ਕਰਕੇ/ਕੰਧਾਂ 'ਤੇ ਚਿੱਤਰਕਾਰੀ ਕੀਤੀ ਜਾਵੇ ।
4. ਸਕੂਲ ਮੁਖੀ ਸਕੂਲਾਂ ਵਿਚ ਜਾਗਰੂਕਤਾ ਗਤੀਵਿਧੀਆਂ ਕਰਵਾ ਕੇ ਵਿਦਿਆਰਥੀਆਂ ਨੂੰ ਇਸ ਸਬੰਧੀ ਜਾਗਰੂਕ ਕਰਨ ।

ਨੋਟ- ਇਸ ਸੰਬੰਧੀ ਜਾਗਰੂਕਤਾ ਪ੍ਰੋਗਰਾਮ ਕਰਵਾਉਣ ਉਪਰੰਤ ਇਸ ਪ੍ਰੋਗਰਾਮ ਦੀਆਂ ਫੋਟੋਗ੍ਰਾਫਸ ਦਿੱਤੀ ਗਈ ਮੇਲ.ਆਈ.ਡੀ sarabjit.K1409@gmail.com ਤੇ ਮਿਤੀ 15/08/2024 ਤੱਕ ਭੇਜ ਦਿੱਤੀਆਂ ਜਾਣ ਤਾਂ ਜੋ ਮੁਖ ਦਫਤਰ ਨੂੰ ਸੂਚਨਾ ਭੇਜੀ ਜਾ ਸਕੇ ।

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ ।